Department of
Education
GOVERNMENT OF
WESTERN AUSTRALIA

Shaping the future

# ਹੈਲੋ ਕਿੰਡਰਗਾਰਟਨ



# ਸਵੀਕਾਰਤਾ

**ਅਸੀਂ ਉਹਨਾਂ ਜ਼ਮੀਨਾਂ ਅਤੇ ਪਾਣੀਆਂ ਦੇ ਪਰੰਪਰਾਗਤ ਰੱਖਿਅਕਾਂ ਨੂੰ ਸਵੀਕਾਰ ਕਰਦੇ ਹਾਂ ਅਤੇ ਉਹਨਾਂ ਦਾ ਆਦਰ ਕਰਦੇ ਹਾਂ ਜਿਹਨਾਂ ਉੱਤੇ ਸਾਡੇ ਵਿਦਿਆਰਥੀ ਰਹਿੰਦੇ ਹਨ ਅਤੇ ਪੂਰੇ ਪੱਛਮੀ ਆਸਟ੍ਰੇਲੀਆ ਵਿੱਚ ਪੜ੍ਹਦੇ-ਲਿਖਦੇ ਹਨ।**

ਅਸੀਂ ਮੰਨਦੇ ਅਤੇ ਸਮਝਦੇ ਹਾਂ ਕਿ ਬਜ਼ੁਰਗ, ਮਾਪੇ, ਪਰਿਵਾਰ ਅਤੇ ਭਾਈਚਾਰੇ ਆਪਣੇ ਬੱਚਿਆਂ ਦੇ ਪਹਿਲੇ ਸਿੱਖਿਅਕ ਹੁੰਦੇ ਹਨ ਅਤੇ ਅਸੀਂ ਉਹਨਾਂ ਸਭਿਆਚਾਰਾਂ ਅਤੇ ਸ਼ਕਤੀਆਂ ਨੂੰ ਪਛਾਣਦੇ ਅਤੇ ਕਦਰ ਕਰਦੇ ਹਾਂ ਜੋ ਆਦਿਵਾਸੀ ਬੱਚੇ ਜਮਾਤ ਦੇ ਕਮਰੇ ਵਿੱਚ ਲਿਆਉਂਦੇ ਹਨ। ਆਦਿਵਾਸੀ ਲੋਕਾਂ ਕੋਲ ਦੇਸ਼, ਭਾਈਚਾਰੇ, ਭਾਸ਼ਾ ਅਤੇ ਸੱਭਿਆਚਾਰ ਨਾਲ ਆਪਣੇ ਸਬੰਧਾਂ ਨੂੰ ਸਾਂਝਾ ਕਰਕੇ, ਅਤੇ ਉਹਨਾਂ ਦੇ ਮੌਖਿਕ ਇਤਿਹਾਸ, ਕਹਾਣੀਆਂ ਅਤੇ ਜੀਵਤ ਤਜਰਬਿਆਂ ਦੁਆਰਾ ਸਿੱਖਿਆ ਅਤੇ ਸਿੱਖਣ ਦੀ ਇੱਕ ਲੰਮੀ ਪਰੰਪਰਾ ਹੈ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਾਈ ਜਾਂਦੀ ਹੈ।

ਅਸੀਂ ਸਿੱਖਣ ਨੂੰ ਪਛਾਣਦੇ ਹਾਂ ਅਤੇ ਉਸ ਦੀ ਕਦਰ ਕਰਦੇ ਹਾਂ ਜੋ ਆਦਿਵਾਸੀ ਬੱਚੇ ਆਪਣੇ ਨਾਲ ਆਪਣੇ ਘਰਾਂ ਅਤੇ ਭਾਈਚਾਰਿਆਂ ਤੋਂ ਜਮਾਤ ਦੇ ਕਮਰੇ ਵਿੱਚ ਲਿਆਉਂਦੇ ਹਨ।

ਆਦਿਵਾਸੀ ਸ਼ਬਦ ਦਾ ਅਰਥ ਆਦਿਵਾਸੀ, ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ, ਅਤੇ ਸਵਦੇਸ਼ੀ ਲਈ ਲਿਆ ਗਿਆ ਹੈ। ਵਿਅਕਤੀਆਂ ਦਾ ਜ਼ਿਕਰ ਕਰਦੇ ਸਮੇਂ ਆਦਿਵਾਸੀ ਵਿਅਕਤੀ ਸ਼ਬਦ ਦੀ ਵਰਤੋਂ ਕਰੋ।

AISWA
Association of Independent Schools of Western Australia

CATHOLIC EDUCATION
WESTERN AUSTRALIA

TRIM:
D22/0714308
ISBN:
9780730746713 © ਸਿੱਖਿਆ ਵਿਭਾਗ
ਪੱਛਮੀ ਆਸਟ੍ਰੇਲੀਆ 2022

Department of Education
151 Royal Street
East Perth WA 6004
9264 4111
education.wa.edu.au

ਇਹ ਸਮੱਗਰੀ ਉਚਿਤ ਵਿਕਲਪਕ ਸਰੂਪਾਂ ਵਿੱਚ ਬੇਨਤੀ ਕਰਨ 'ਤੇ ਉਪਲਬਧ ਹੈ।

CC BY

# ਅੰਦਰ ਕੀ ਹੈ

ਕਿੰਡਰਗਾਰਟਨ (ਬਾਲਵਾੜੀ) ਸ਼ੁਰੂ ਕਰਨਾ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਇੱਕ ਦਿਲਚਸਪ ਅਤੇ ਮਹੱਤਵਪੂਰਨ ਤਬਦੀਲੀ ਹੈ! ਇਹ ਕਿਤਾਬਚਾ ਤੁਹਾਡੇ ਬੱਚੇ ਦੀ ਸ਼ੁਰੂਆਤੀ ਸਿੱਖਣ ਯਾਤਰਾ ਦੀ ਸ਼ੁਰੂਆਤ ਨੂੰ ਖੁਸ਼ਹਾਲ ਅਤੇ ਸਕਾਰਾਤਮਕ ਬਣਾਉਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਤੁਹਾਨੂੰ ਕਿੰਡਰਗਾਰਟਨ ਲਈ ਤਿਆਰ ਹੋਣ ਵਿੱਚ ਤੁਹਾਡੀ ਅਤੇ ਤੁਹਾਡੇ ਪਰਿਵਾਰ ਦੀ ਮਦਦ ਕਰਨ ਲਈ ਵਿਹਾਰਕ ਸੁਝਾਅ ਮਿਲਣਗੇ, ਨਾਲ ਹੀ ਇਸ ਬਾਰੇ ਜਾਣਕਾਰੀ ਮਿਲੇਗੀ ਕਿ ਤੁਹਾਡਾ ਬੱਚਾ ਕੀ ਸਿੱਖੇਗਾ ਅਤੇ ਤੁਸੀਂ ਉਹਨਾਂ ਦੀ ਸਿੱਖਣ ਦੀ ਯਾਤਰਾ ਵਿੱਚ ਉਹਨਾਂ ਦੀ ਕਿਵੇਂ ਮਦਦ ਕਰ ਸਕਦੇ ਹੋ।

# ਮੇਰਾ ਬੱਚਾ ਕਦੋਂ ਸ਼ੁਰੂ ਕਰ ਸਕਦਾ ਹੈ?

ਪੱਛਮੀ ਆਸਟ੍ਰੇਲੀਆ ਵਿੱਚ ਸਾਰੇ ਬੱਚੇ ਹਰ ਹਫ਼ਤੇ 15 ਘੰਟੇ (ਪ੍ਰਤੀ ਪੰਦਰਵਾੜੇ 30 ਘੰਟੇ) ਕਿੰਡਰਗਾਰਟਨ ਜਾ ਸਕਦੇ ਹਨ ਭਾਵੇਂ ਉਹ ਰਾਜ ਵਿੱਚ ਕਿਤੇ ਵੀ ਰਹਿੰਦੇ ਹੋਣ। ਕਿੰਡਰਗਾਰਟਨ ਵਿੱਚ ਜਾਣਾ ਬੱਚਿਆਂ ਨੂੰ ਪ੍ਰੀ-ਪ੍ਰਾਇਮਰੀ, ਪੂਰੇ ਸਮੇਂ ਵਾਲੇ ਸਕੂਲ ਦੇ ਪਹਿਲੇ ਸਾਲ ਲਈ ਤਿਆਰ ਕਰਦਾ ਹੈ।

ਤੁਹਾਡੇ ਬੱਚੇ ਦੀ ਉਮਰ 30 ਜੂਨ ਤੱਕ 4 ਸਾਲ ਦੀ ਹੋਣੀ ਚਾਹੀਦੀ ਹੈ ਜਿਸ ਸਾਲ ਉਹ ਕਿੰਡਰਗਾਰਟਨ ਸ਼ੁਰੂ ਕਰਦਾ ਹੈ - ਇਸਦਾ ਮਤਲਬ ਹੈ ਕਿ ਕੁਝ ਬੱਚੇ 3 ਸਾਲ ਦੀ ਉਮਰ ਵਿੱਚ ਕਿੰਡਰਗਾਰਟਨ ਸ਼ੁਰੂ ਕਰਨਗੇ ਅਤੇ 4 ਸਾਲ ਦੇ ਹੋ ਜਾਣਗੇ ਜਦੋਂ ਉਹ ਕਿੰਡਰਗਾਰਟਨ ਵਿੱਚ ਹੋਣਗੇ।

**ਤੁਹਾਡੇ ਬੱਚੇ ਦੇ ਜਨਮ ਦਿਨ ਦਾ ਮਹੀਨਾ**

**ਜਨਵਰੀ ਤੋਂ ਜੂਨ**
3 ਸਾਲ, 4 ਸਾਲ ਦੇ ਹੋਣ ਵਾਲੇ: ਕਿੰਡਰਗਾਰਟਨ ਸ਼ੁਰੂ ਕਰੋ

**ਜੁਲਾਈ ਤੋਂ ਦਸੰਬਰ**
4 ਸਾਲ, 5 ਸਾਲ ਦੇ ਹੋਣ ਵਾਲੇ: ਕਿੰਡਰਗਾਰਟਨ ਸ਼ੁਰੂ ਕਰੋ

**ਸਕੂਲ ਜਾਣ ਦੀ ਉਮਰ ਜਾਨਣ ਦਾ ਕੈਲਕੁਲੇਟਰ**
education.wa.edu.au/enrolling-in-school



CC BY

# ਸ਼ੁਰੂ ਕਰਨ ਤੋਂ ਪਹਿਲਾਂ

**ਤੁਹਾਡੇ ਬੱਚੇ ਦੇ ਪਹਿਲੇ ਅਧਿਆਪਕ ਹੋਣ ਦੇ ਨਾਤੇ ਤੁਸੀਂ ਜੋ ਭੂਮਿਕਾ ਨਿਭਾਉਂਦੇ ਹੋ ਉਹ ਮਹੱਤਵਪੂਰਨ ਹੈ। ਬੱਚੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਬਹੁਤ ਸਾਰੀਆਂ ਜ਼ਰੂਰੀ ਗੱਲਾਂ ਸਿੱਖਦੇ ਹਨ।**

ਆਪਣੀ ਯੋਗਤਾ ਜਾਂ ਵਿਕਾਸ ਦੇ ਪੜਾਅ ਦੇ ਬਾਵਜੂਦ, ਤੁਹਾਡਾ ਬੱਚਾ ਕਿੰਡਰਗਾਰਟਨ ਸ਼ੁਰੂ ਕਰਨ ਵੇਲੇ ਆਪਣੇ ਸਾਰੇ ਮੌਜੂਦਾ ਸਿੱਖਣ ਅਤੇ ਵਿਲੱਖਣ ਤਜ਼ਰਬਿਆਂ ਨੂੰ ਆਪਣੇ ਨਾਲ ਲਿਆਉਂਦਾ ਹੈ - ਕਿੰਡਰਗਾਰਟਨ ਵਿੱਚ, ਉਹ ਆਪਣੀ ਸਿੱਖਿਆ ਯਾਤਰਾ ਦੀ ਬੁਨਿਆਦ ਨੂੰ ਆਕਾਰ ਦੇਣ ਲਈ ਇਸ ਸਿੱਖਿਆ 'ਤੇ ਨਿਰਮਾਣ ਕਰਦੇ ਹਨ।

ਕਿੰਡਰਗਾਰਟਨ ਸ਼ੁਰੂ ਕਰਨ ਦਾ ਵਿਚਾਰ  ਕੁਝ ਮਾਪਿਆਂ ਅਤੇ ਪਰਿਵਾਰਾਂ ਲਈ ਥੋੜ੍ਹਾ ਔਖਾ ਹੋ ਸਕਦਾ ਹੈ। ਤੁਹਾਡਾ ਛੋਟਾ ਬੱਚਾ ਵੱਡਾ ਹੋ ਰਿਹਾ ਹੈ! ਕਿੰਡਰਗਾਰਟਨ ਇੱਕ ਅਜਿਹਾ ਸਮਾਂ ਹੁੰਦਾ ਹੈ ਜਦੋਂ ਤੁਹਾਡਾ ਬੱਚਾ ਦੂਜੇ ਬੱਚਿਆਂ ਨਾਲ ਬਹੁਤ ਮਸਤੀ ਕਰੇਗਾ ਅਤੇ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਸਿੱਖੇਗਾ ਜੋ ਉਹਨਾਂ ਨੂੰ ਆਤਮਵਿਸ਼ਵਾਸੀ ਅਤੇ ਉਤਸ਼ਾਹੀ ਸਿਖਿਆਰਥੀ ਬਣਨ ਵਿੱਚ ਮਦਦ ਕਰਨਗੀਆਂ।

ਤੁਹਾਡੀ ਹੱਲਾਸ਼ੇਰੀ ਅਤੇ ਉਤਸ਼ਾਹ ਤੁਹਾਡੇ ਬੱਚੇ ਨੂੰ ਆਰਾਮਦਾਇਕ ਮਹਿਸੂਸ ਕਰਨ ਵਿੱਚ ਮਦਦ ਕਰੇਗਾ। ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਉਹ ਕਿੰਡਰਗਾਰਟਨ ਸ਼ੁਰੂ ਕਰਨ ਬਾਰੇ ਕਿਵੇਂ ਮਹਿਸੂਸ ਕਰ ਰਹੇ ਹਨ - ਇਹ ਰੋਮਾਂਚਕ ਅਤੇ ਥੋੜ੍ਹਾ ਡਰਾਉਣਾ ਵੀ ਹੋ ਸਕਦਾ ਹੈ। ਸਕੂਲ ਦੀਆਂ ਤੁਹਾਡੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਨ ਨਾਲ ਤੁਹਾਡੇ ਬੱਚੇ ਨੂੰ ਕਿੰਡਰਗਾਰਟਨ ਸ਼ੁਰੂ ਕਰਨ ਬਾਰੇ ਵਧੇਰੇ ਆਤਮਵਿਸ਼ਵਾਸ ਮਹਿਸੂਸ ਕਰਨ ਵਿੱਚ ਮਦਦ ਮਿਲ ਸਕਦੀ ਹੈ। ਭਾਵੇਂ ਤੁਹਾਨੂੰ ਕੁਝ ਔਖੇ ਅਨੁਭਵ ਹੋਏ ਸਨ, ਆਪਣੀਆਂ ਕੁਝ ਖੁਸ਼ੀਆਂ ਭਰੀਆਂ ਯਾਦਾਂ ਨੂੰ ਆਪਣੇ ਬੱਚੇ ਨਾਲ ਸਾਂਝਾ ਕਰੋ, ਜਿਵੇਂ ਕਿ ਨਵੇਂ ਦੋਸਤ ਬਣਾਉਣਾ।

## ਤਿਆਰ ਹੋਣਾ

### ਤੁਹਾਡੇ ਬੱਚੇ ਨੂੰ ਕੀ ਚਾਹੀਦਾ ਹੈ



**ਇੱਕ ਬਸਤਾ**



**ਇੱਕ ਟੋਪੀ**



**ਇੱਕ ਪਾਣੀ ਦੀ ਬੋਤਲ**



**ਇਕ ਦੁਪਹਿਰ ਦੀ ਰੋਟੀ ਵਾਲਾ ਡੱਬਾ**
ਦੁਪਹਿਰ ਦੇ ਖਾਣੇ ਅਤੇ ਕੁਝ ਸਨੈਕਸ ਦੇ ਨਾਲ



**ਇੱਕ ਜੋੜੀ ਕੱਪੜੇ ਬਦਲਣ ਵਾਸਤੇ**
ਜੁਰਾਬਾਂ ਅਤੇ ਕੱਛੇ ਸਮੇਤ

ਆਪਣੇ ਸਕੂਲ ਜਾਂ ਕਮਿਊਨਿਟੀ ਕਿੰਡਰਗਾਰਟਨ ਤੋਂ ਪਤਾ ਕਰੋ ਕਿ ਤੁਹਾਡੇ ਬੱਚੇ ਨੂੰ ਹੋਰ ਕੀ ਚਾਹੀਦਾ ਹੈ।

### ਅਧਿਆਪਕ  ਨਾਲ ਮੁਲਾਕਾਤ

ਆਪਣੇ ਬੱਚੇ ਦੇ ਅਧਿਆਪਕ ਨੂੰ ਜਾਣਨਾ ਮਹੱਤਵਪੂਰਨ ਹੈ। ਅਧਿਆਪਕ ਤੁਹਾਨੂੰ ਦੱਸ ਸਕੇਗਾ ਕਿ ਦਿਨ ਦੇ ਦੌਰਾਨ ਕੀ ਹੁੰਦਾ ਹੈ ਅਤੇ ਤੁਹਾਡੇ ਬੱਚੇ ਦੇ ਕਿੰਡਰਗਾਰਟਨ ਸ਼ੁਰੂ ਕਰਨ ਬਾਰੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇ ਸਕਦਾ ਹੈ। ਇਹ ਅਧਿਆਪਕ ਵਾਸਤੇ  ਤੁਹਾਨੂੰ ਜਾਣਨ ਅਤੇ ਇਹ ਪਤਾ ਕਰਨ ਦਾ ਵੀ ਇੱਕ ਮੌਕਾ ਹੈ ਕਿ ਤੁਹਾਡਾ ਬੱਚਾ ਕੀ ਜਾਣਦਾ ਹੈ ਅਤੇ ਬੱਚੇ ਨੂੰ  ਵਧੀਆ ਤਰੀਕੇ ਨਾਲ ਹੱਲਾ ਸ਼ੇਰੀ ਕਿਵੇਂ ਦੇਣੀ ਹੈ।

ਸਕੂਲੀ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਕਈ ਸਕੂਲਾਂ ਵਿੱਚ ਪਰਿਵਾਰਾਂ ਲਈ ਜਾਣ ਪਹਿਚਾਣ ਸੈਸ਼ਨ ਹੁੰਦੇ ਹਨ। ਇਹ ਤੁਹਾਡੇ ਲਈ ਅਧਿਆਪਕ ਅਤੇ ਹੋਰ ਪਰਿਵਾਰਾਂ ਨੂੰ ਮਿਲਣ ਅਤੇ ਇਹ ਪਤਾ ਲਗਾਉਣ ਦਾ ਵਧੀਆ ਮੌਕਾ ਹੈ ਕਿ ਸਾਲ ਲਈ ਕੀ ਯੋਜਨਾ ਬਣਾਈ ਗਈ ਹੈ।

ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਮੂਲ ਦੇ ਪਰਿਵਾਰਾਂ ਨੂੰ ਸਰਕਾਰੀ ਸਕੂਲਾਂ ਵਿੱਚ ਆਦਿਵਾਸੀ ਅਤੇ ਆਈਲੈਂਡਰ ਐਜੂਕੇਸ਼ਨ ਅਫਸਰਾਂ ਦੁਆਰਾ ਸਹਾਇਤਾ ਪ੍ਰਾਪਤ ਹੈ। ਇਸੇ ਤਰ੍ਹਾਂ ਦੀ ਸਹਾਇਤਾ ਗੈਰ-ਸਰਕਾਰੀ ਸਕੂਲਾਂ ਵਿੱਚ ਵੀ ਦਿੱਤੀ ਜਾ ਸਕਦੀ ਹੈ। ਪਰਿਵਾਰ ਸਕੂਲ ਨਾਲ ਮਿਲਕੇ ਅਧਿਆਪਕ ਨਾਲ ਮਿਲਣ ਵੇਲੇ ਦੁਭਾਸ਼ੀਏ ਦਾ ਬੰਦੋਬਸਤ ਕਰ ਸਕਦੇ ਹਨ।

ਜੇਕਰ ਲੋੜ ਹੋਵੇ ਤਾਂ ਸਕੂਲ ਜਾਂ ਕਮਿਊਨਿਟੀ ਕਿੰਡਰਗਾਰਟਨ ਉਹਨਾਂ ਪਰਿਵਾਰਾਂ ਲਈ ਅਧਿਆਪਕਾਂ ਦੀਆਂ ਮੀਟਿੰਗਾਂ ਵਿੱਚ ਇੱਕ ਦੁਭਾਸ਼ੀਏ ਦਾ ਇੰਤਜ਼ਾਮ ਕਰ ਸਕਦਾ ਹੈ ਜੋ ਇੱਕ ਵਾਧੂ ਉਪਭਾਸ਼ਾ ਵਜੋਂ ਅੰਗਰੇਜ਼ੀ ਬੋਲਦੇ ਹਨ।

# ਰੋਜ਼ਾਨਾ ਦੇ ਨਿੱਤਨੇਮ (ਰੁਟੀਨ)

### ਕੱਪੜੇ ਪਾਉਣੇ

ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਵਰਦੀ ਦੀ ਲੋੜ ਪਵੇ ਹੋ ਸਕਦਾ ਹੈ ਕਿ ਨਾ ਪਵੇ ਆਰਾਮ ਕੁੰਜੀ ਹੈ ਇਸ ਲਈ ਉਹਨਾਂ ਨੂੰ ਵਿਹਾਰਕ ਕੱਪੜੇ ਅਤੇ ਅਰਾਮਦਾਇੱਕ ਜੁੱਤੀਆਂ ਪਹਿਨਾਉ। ਲਿੱਬੜਨ ਵਾਲੀ ਖੇਡ ਕਿੰਡਰਗਾਰਟਨ ਵਿੱਚ ਸਿੱਖਣ ਦਾ ਹਿੱਸਾ ਹੈ ਅਤੇ ਇਸ ਲਈ ਦਿਨ ਦੇ ਅੰਤ ਵਿੱਚ ਤੁਹਾਡੇ ਬੱਚੇ ਦੇ ਲਿਬੜ ਕੇ ,ਘੱਟੇ ਮਿਟੀ ਅਤੇ ਰੰਗ ਨਾਲ ਲਿਬੜ ਕੇ ਘਰ ਆਉਣ ਦੀ ਉਮੀਦ ਰੱਖੋ।

ਪਹਿਲੇ ਦਿਨ ਤੋਂ ਪਹਿਲਾਂ ਕੱਪੜੇ ਪਾਉਣ ਦਾ ਅਭਿਆਸ ਕਰਨਾ ਇੱਕ ਚੰਗਾ ਵਿਚਾਰ ਹੈ - ਜੇਕਰ ਤੁਹਾਡਾ ਬੱਚਾ ਆਪਣੇ ਆਪ ਕੱਪੜੇ ਪਾ ਸਕਦਾ ਹੈ ਅਤੇ ਕੱਪੜੇ ਉਤਾਰ ਸਕਦਾ ਹੈ ਤਾਂ ਇਹ ਤਿਆਰ ਹੋਣਾ ਆਸਾਨ ਬਣਾ ਦੇਵੇਗਾ।

ਆਪਣੇ ਬੱਚੇ ਨੂੰ ਜਦੋਂ ਉਹ ਬਾਹਰ ਹੁੰਦਾ ਹੈ ਤਾਂ ਟੋਪੀ ਪਹਿਨਣ ਲਈ ਉਤਸ਼ਾਹਿਤ ਕਰੋ ਕਿਉਂਕਿ ਜਦੋਂ ਉਹ ਕਿੰਡਰਗਾਰਟਨ ਵਿੱਚ ਬਾਹਰ ਖੇਡ ਰਹੇ ਹੁੰਦੇ ਹਨ ਤਾਂ ਉਸਨੂੰ ਇੱਕ ਟੋਪੀ ਪਹਿਨਣ ਦੀ ਲੋੜ ਹੋਵੇਗੀ।

ਆਪਣੇ ਬੱਚੇ ਦੇ ਕੱਪੜਿਆਂ, ਲੰਚ ਬਾਕਸ, ਟੋਪੀ, ਬੈਗ ਅਤੇ ਜੁੱਤੀਆਂ 'ਤੇ ਲੇਬਲ ਲਗਾਉਣਾ ਯਾਦ ਰੱਖੋ। ਕਿੰਡਰਗਾਰਟਨ ਵਿੱਚ ਇੱਕ ਗੁੰਮ ਹੋਏ ਸਮਾਨ ਵਾਲਾ ਡੱਬਾ ਹੋਵੇਗਾ।

---

### ਕਿੰਡਰਗਾਰਟਨ ਵੱਲ ਸਫ਼ਰ ਕਰਨਾ

ਕਿੰਡਰਗਾਰਟਨ ਜਾਣ ਦੇ ਬਹੁਤ ਸਾਰੇ ਤਰੀਕੇ ਹਨ। ਹਾਲਾਂਕਿ ਤੁਸੀਂ ਉੱਥੇ ਜਾਣ ਲਈ ਜਿਹੜੀ ਮਰਜ਼ੀ ਚੋਣ ਕਰਦੇ ਹੋ ਯਕੀਨੀ ਬਣਾਓ ਕਿ ਤੁਹਾਡਾ ਬੱਚਾ ਸੁਰੱਖਿਅਤ ਹੈ।



**ਤੁਰਨਾ**

- ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਉਹਨਾਂ ਨੂੰ ਸੜਕਾਂ ਅਤੇ ਆਵਾਜਾਈ ਦੇ ਨੇੜੇ ਹੱਥ ਫੜਨ ਦੀ ਲੋੜ ਕਿਉਂ ਹੈ।
- ਟ੍ਰੈਫਿਕ ਦੇ ਨਿਯਮਾਂ, ਸੁਰੱਖਿਅਤ ਪੈਦਲ ਚੱਲਣ ਵਾਲੇ ਰਸਤੇ ਸੜਕ ਦੇ ਸੰਕੇਤਾਂ ਦੀ ਪਾਲਣਾ ਕਰਕੇ ਅਤੇ ਪਾਰ ਕਰਨ ਲਈ ਸੁਰੱਖਿਅਤ ਸਥਾਨਾਂ ਦੀ ਚੋਣ ਕਰੋ।



**ਗੱਡੀ ਚਲਾਉਣਾ**

- ਹਮੇਸ਼ਾ ਆਪਣੇ ਬੱਚੇ ਦੀ ਸੀਟਬੈਲਟ ਨੂੰ ਸੁਰੱਖਿਅਤ ਢੰਗ ਨਾਲ ਬੰਨ੍ਹੋ ਅਤੇ ਯਕੀਨੀ ਬਣਾਓ ਕਿ ਉਹ ਹਮੇਸ਼ਾਂ ਕਾਰ ਦੀਆਂ ਪ੍ਰਵਾਨਿਤ ਬੈਲਟਾਂ ਪਹਿਨੇ ਹੋਏ ਹਨ।
- ਆਪਣੇ ਬੱਚੇ ਨੂੰ ਕਾਰ ਦੇ ਅੰਦਰ ਅਤੇ ਬਾਹਰ ਲੈ ਜਾਣ ਲਈ ਸੜਕ ਦੇ ਕੰਢੇ ਦੇ ਸਭ ਤੋਂ ਨੇੜੇ ਅਤੇ ਆਵਾਜਾਈ ਤੋਂ ਦੂਰ - ਪਿਛਲੇ ਯਾਤਰੀ ਦਰਵਾਜ਼ੇ ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।



**ਸਾਈਕਲ ਚਲਾਉਣਾ, ਟੋਇੰਗ ਅਤੇ ਸਕੂਟਰ 'ਤੇ ਜਾਣਾ**

- ਯਕੀਨੀ ਬਣਾਓ ਕਿ ਹਰ ਕਿਸੇ ਨੇ ਹੈਲਮੇਟ ਅਤੇ ਬੰਦ ਜੁੱਤੀਆਂ ਪਾਈਆਂ ਹੋਣ ਭਾਵੇਂ ਉਹ ਬਾਈਕ ਟ੍ਰੇਲਰ ਜਾਂ ਸਾਈਕਲ ਦੀ ਸੀਟ 'ਤੇ ਹੋਣ।
- ਰੋਲ-ਮਾਡਲ ਬਣ ਕੇ ਸੁਰੱਖਿਅਤ ਸਾਈਕਲ ਚਲਾਉਣ ਵਾਲਾ ਵਿਵਹਾਰ ਵਿਖਾਓ, ਜਿਵੇਂ ਕਿ ਖੱਬੇ ਪਾਸੇ ਚੱਲਣਾ ਅਤੇ ਆਪਣੀ ਘੰਟੀ ਦੀ ਵਰਤੋਂ ਕਰਕੇ ਲੋਕਾਂ ਨੂੰ ਇਹ ਦੱਸਣਾ ਕਿ ਤੁਸੀਂ ਆ ਰਹੇ ਹਨ।

**ਆਪਣੇ ਸਕੂਲ ਜਾਂ ਕਮਿਊਨਿਟੀ ਕਿੰਡਰਗਾਰਟਨ ਅਧਿਆਪਕ ਨਾਲ ਸੰਪਰਕ ਕਰ ਕੇ ਪਤਾ ਕਰੋ ਕਿ ਬੱਚੇ ਨੂੰ ਛੱਡਣ ਅਤੇ ਲੈਣ ਦੀਆਂ ਕੀ ਪ੍ਰਕਿਰਿਆਵਾਂ ਹਨ।**



CC BY

# ਸਿੱਖਣਾ

**ਕਿੰਡਰਗਾਰਟਨ ਵਿੱਚ, ਬੱਚੇ ਖੇਡ ਰਾਹੀਂ ਸਿੱਖਦੇ ਹਨ ਜੋ ਉਹਨਾਂ ਨੇ ਘਰ ਵਿੱਚ ਅਤੇ ਹੋਰ ਥਾਵਾਂ ਵਿੱਚ ਸਿੱਖਿਆ ਹੈ ਉਹਨਾਂ ਦੀ ਸਿੱਖਣ ਦੀ ਇਮਾਰਤ ਉਹਨਾਂ ਚੀਜ਼ਾਂ ਉੱਤੇ ਬਣਦੀ ਹੈ।**

ਸ਼ੁਰੂਆਤੀ ਸਾਲਾਂ ਵਿੱਚ ਸਿੱਖਣ ਦੇ ਪ੍ਰੋਗਰਾਮ ਅਰਲੀ ਈਅਰਜ਼ ਲਰਨਿੰਗ ਫਰੇਮਵਰਕ ਅਤੇ WA ਕਿੰਡਰਗਾਰਟਨ ਪਾਠਕ੍ਰਮ ਦਿਸ਼ਾ-ਨਿਰਦੇਸ਼ਾਂ ਦੇ ਪੰਜ ਨਤੀਜਿਆਂ ਦੁਆਰਾ ਬਣਾਏ ਜਾਂਦੇ ਹਨ.

- ਬੱਚਿਆਂ ਵਿੱਚ ਪਛਾਣ ਦੀ ਮਜ਼ਬੂਤ ਭਾਵਨਾ ਹੁੰਦੀ ਹੈ
- ਬੱਚੇ ਉਹਨਾਂ ਦੇ ਸੰਸਾਰ ਨਾਲ ਜੁੜੇ ਹੋਏ ਹਨ ਅਤੇ ਯੋਗਦਾਨ ਪਾਉਂਦੇ ਹਨ
- ਬੱਚਿਆਂ ਵਿੱਚ ਭਲਾਈ ਦੀ ਮਜ਼ਬੂਤ ਭਾਵਨਾ ਹੁੰਦੀ ਹੈ
- ਬੱਚੇ ਆਤਮਵਿਸ਼ਵਾਸੀ ਅਤੇ ਸ਼ਾਮਲ ਹੋ ਕੇ ਸਿੱਖਣ ਵਾਲੇ ਹੁੰਦੇ ਹਨ
- ਬੱਚੇ ਪ੍ਰਭਾਵਸ਼ਾਲੀ ਸੰਚਾਰਕ ਹੁੰਦੇ ਹਨ।

ਕਿੰਡਰਗਾਰਟਨ ਅਧਿਆਪਕ ਬੱਚਿਆਂ ਦੇ ਵਿਚਾਰਾਂ ਪ੍ਰਤੀ ਜਵਾਬਦੇਹ ਹੁੰਦੇ ਹਨ ਅਤੇ ਸਿੱਖਣ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਉਣ ਵੇਲੇ ਧਿਆਨ ਰੱਖਦੇ ਹਨ।

## ਤੁਹਾਡਾ ਬੱਚਾ ਸਿੱਖਣ ਦੀਆਂ ਵੱਖ-ਵੱਖ ਗਤੀਵਿਧੀਆਂ ਦਾ ਅਨੁਭਵ ਕਰੇਗਾ।



ਚਿਤਰਕਾਰੀ, ਡਰਾਇੰਗ, ਕੱਟਣਾ ਅਤੇ ਪੇਸਟ ਕਰਨਾ



ਬੁਝਾਰਤਾਂ ਅਤੇ ਨਿਰਮਾਣ ਕਰਨ ਦੀ ਖੇਡ



ਕਿਤਾਬਾਂ ਦੀ ਪੜਚੋਲ ਕਰਨਾ, ਕਹਾਣੀਆਂ ਸੁਣਨਾ ਅਤੇ ਕਹਾਣੀ ਸੁਣਾਉਣਾ



ਬੋਲਣਾ ਅਤੇ ਸੁਣਨਾ



ਪਹਿਰਾਵੇ ਅਤੇ ਕਲਪਨਾਤਮਕ ਖੇਡ



ਗਾਉਣਾ, ਸੁਣਨਾ ਅਤੇ ਸੰਗੀਤ ਵਜਾਉਣਾ



ਨੱਚਣਾ ਅਤੇ ਡਰਾਮਾ



ਚੜ੍ਹਨਾ, ਸੰਤੁਲਨ ਬਣਾਉਣਾ, ਦੌੜਨਾ ਅਤੇ ਛਾਲ ਮਾਰਨਾ



ਡਿਜੀਟਲ ਤਕਨੀਕਾਂ ਦੀ ਵਰਤੋਂ ਕਰਨਾ



ਮਿੱਟੀ ਆਟੇ, ਰੇਤ ਅਤੇ ਪਾਣੀ ਨਾਲ ਖੇਡਣਾ,



ਦੂਜੇ ਬੱਚਿਆਂ ਨਾਲ ਸਾਂਝਾ ਕਰਨ ਅਤੇ ਸੁਤੰਤਰਤਾ ਵਿਕਸਤ ਕਰਨ ਦੇ ਮੌਕੇ



CC BY

## ਤੁਹਾਡੇ ਬੱਚੇ ਦੀ ਪੜ੍ਹਾਈ ਵਿੱਚ ਸਹਿਯੋਗ ਕਰਨਾ

ਜਦੋਂ ਮਾਪੇ, ਪਰਿਵਾਰ ਅਤੇ ਅਧਿਆਪਕ ਮਿਲ ਕੇ ਕੰਮ ਕਰਦੇ ਹਨ ਤਾਂ ਬੱਚੇ ਸਭ ਤੋਂ ਵਧੀਆ ਸਿੱਖਦੇ ਹਨ। ਤੁਸੀਂ ਆਪਣੇ ਬੱਚੇ ਨੂੰ ਕਿਸੇ ਨਾਲੋਂ ਬਿਹਤਰ ਜਾਣਦੇ ਹੋ - ਤੁਹਾਡੇ ਬੱਚੇ ਦੀਆਂ ਰੁਚੀਆਂ ਅਤੇ ਯੋਗਤਾਵਾਂ ਬਾਰੇ ਜਾਣਕਾਰੀ ਉਹਨਾਂ ਦੇ ਅਧਿਆਪਕ ਨਾਲ ਸਾਂਝੀ ਕਰਨ ਨਾਲ ਤੁਹਾਡੇ ਬੱਚੇ ਨੂੰ ਕਿੰਡਰਗਾਰਟਨ ਦਾ ਵੱਧ ਤੋਂ ਵੱਧ ਲਾਭ ਉਠਾਉਣ ਵਿੱਚ ਮਦਦ ਮਿਲਦੀ ਹੈ।

ਵਿਕਾਸ ਸੰਬੰਧੀ ਦੇਰੀ ਜਾਂ ਅਪੰਗਤਾ ਵਾਲੇ ਬੱਚੇ ਕਿੰਡਰਗਾਰਟਨ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੇ ਵਿਭਿੰਨਤਾ ਵਾਲੇ ਸਮੂਹ ਦਾ ਹਿੱਸਾ ਬਣਦੇ ਹਨ।

ਸਟਾਫ, ਪਰਿਵਾਰਾਂ ਅਤੇ ਹੋਰ ਏਜੰਸੀਆਂ (ਜਿਵੇਂ ਕਿ ਥੈਰੇਪੀ ਪ੍ਰਦਾਤਾ) ਵਿਚਕਾਰ ਸਹਿਯੋਗ ਲਾਭਦਾਇਕ ਹੋ ਸਕਦਾ ਹੈ, ਕਿਉਂਕਿ ਵਿਕਾਸ ਸੰਬੰਧੀ ਦੇਰੀ ਜਾਂ ਅਪਾਹਜਤਾ ਵਾਲੇ ਬੱਚਿਆਂ ਨੂੰ ਵਾਧੂ ਯੋਜਨਾਬੰਦੀ ਅਤੇ ਸਹਾਇਤਾ ਦੀ ਲੋੜ ਹੁੰਦੀ ਹੈ।

ਬਹੁਤ ਸਾਰੇ ਕਿੰਡਰਗਾਰਟਨ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਮਦਦਗਾਰਾਂ ਵਜੋਂ ਸਵੈ-ਸੇਵਾ (ਵਲੰਟੀਅਰ) ਕਰਨ ਦੇ ਮੌਕੇ ਪ੍ਰਦਾਨ ਕਰਦੇ ਹਨ। ਸਵੈ-ਸੇਵਾ ਕਰਨੀ ਤੁਹਾਨੂੰ ਕਿੰਡਰਗਾਰਟਨ ਵਿੱਚ ਤੁਹਾਡੇ ਬੱਚੇ ਦੇ ਅਨੁਭਵ ਦੀ ਡੂੰਘੀ ਸਮਝ ਅਤੇ ਦੂਜੇ ਮਾਪਿਆਂ ਨੂੰ ਮਿਲਣ ਦਾ ਮੌਕਾ ਪ੍ਰਦਾਨ ਕਰਦੀ ਹੈ। ਕੁਝ ਕਿੰਡਰਗਾਰਟਨ ਮਾਪਿਆਂ ਨੂੰ ਇੱਕ ਦੂਜੇ ਨਾਲ ਔਨਲਾਈਨ ਜੁੜਨ ਲਈ ਵੀ ਉਤਸ਼ਾਹਿਤ ਕਰਦੇ ਹਨ ਉਦਾਹਰਨ ਲਈ ਸੋਸ਼ਲ ਮੀਡੀਆ ਜਾਂ ਐਪ ਰਾਹੀਂ।

---

### ਕਿੰਡਰਗਾਰਟਨ ਵਿੱਚ ਤੁਹਾਡੇ ਬੱਚੇ ਦੀ ਸਹਾਇਤਾ ਕਰਨ ਦੇ ਕਈ ਤਰੀਕੇ ਹਨ।



ਆਪਣੇ ਬੱਚੇ ਨਾਲ ਹਰ ਰੋਜ਼ ਇਸ ਬਾਰੇ ਗੱਲ ਕਰੋ ਕਿ ਉਸਨੇ ਕੀ ਕੀਤਾ - ਇਹ ਘਰ ਅਤੇ ਸਕੂਲ ਵਿਚਕਾਰ ਸਬੰਧ ਬਣਾਉਣ ਵਿੱਚ ਮਦਦ ਕਰਦਾ ਹੈ ਅਤੇ ਇਹ ਦਿਖਾਉਂਦਾ ਹੈ ਕਿ ਤੁਸੀਂ ਉਹਨਾਂ ਵਿੱਚ ਅਤੇ ਉਹ ਕੀ ਕਰਦੇ ਹਨ ਵਿੱਚ ਦਿਲਚਸਪੀ ਰੱਖਦੇ ਹੋ।



ਬਾਹਰਵਾਰ ਖੇਡਣਾ ਉਦਾਹਰਣ ਲਈ ਖੇਡ ਦੇ ਮੈਦਾਨਾਂ ਵਿੱਚ ਖੇਡਣਾ, ਤੁਹਾਡੇ ਬੱਚੇ ਨੂੰ ਵਧੇਰੇ ਮਜ਼ਬੂਤ ਅਤੇ ਆਤਮ-ਵਿਸ਼ਵਾਸੀ ਬਣਨ ਵਿੱਚ ਮਦਦ ਕਰਦਾ ਹੈ ਅਤੇ ਦਿਮਾਗ ਦੇ ਉਸ ਹਿੱਸੇ ਦੀ ਵਰਤੋਂ ਕਰਦਾ ਹੈ ਜੋ ਉਹਨਾਂ ਨੂੰ ਧਿਆਨ ਕੇਂਦਰਿਤ ਕਰਨ ਅਤੇ ਸਮੱਸਿਆ ਹੱਲ ਕਰਨ ਵਿੱਚ ਮਦਦ ਕਰਦਾ ਹੈ।



ਕਿਤਾਬਾਂ ਨੂੰ ਇਕੱਠੇ ਪੜ੍ਹਨਾ ਤੁਹਾਡੇ ਬੱਚੇ ਨੂੰ ਇਹ ਸਿੱਖਣ ਵਿੱਚ ਮਦਦ ਕਰਦਾ ਹੈ ਕਿ ਲਿਖੇ ਸ਼ਬਦਾਂ ਦੇ ਅਰਥ ਹੁੰਦੇ ਹਨ ਅਤੇ ਬਹੁਤ ਸਾਰਾ ਮਜ਼ਾ ਦੇ ਸਕਦੇ ਹਨ। ਇਹ ਉਹਨਾਂ ਨੂੰ ਪੜ੍ਹਨ ਅਤੇ ਲਿਖਣ ਬਾਰੇ ਸਿੱਖਣ ਵਿੱਚ ਮਦਦ ਕਰਦਾ ਹੈ।



ਗੀਤ ਗਾਉਣਾ, ਸੰਗੀਤ ਬਣਾਉਣਾ ਅਤੇ ਨੱਚਣਾ ਤੁਹਾਡੇ ਬੱਚੇ ਦੀ ਯਾਦਦਾਸ਼ਤ ਵਿਕਸਿਤ ਕਰਨ ਅਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਮਦਦ ਕਰਦਾ ਹੈ।



ਖਿਡੌਣਿਆਂ, ਰੇਤ, ਗੱਤੇ, ਕੁਦਰਤੀ ਸਮੱਗਰੀਆਂ ਨਾਲ ਚੀਜ਼ਾਂ ਬਣਾਉਣਾ ਤੁਹਾਡੇ ਬੱਚੇ ਨੂੰ ਉਹਨਾਂ ਦੇ ਵਧੀਆ ਮੋਟਰ ਹੁਨਰ ਵਿਕਸਿਤ ਕਰਨ, ਰਚਨਾਤਮਕ ਬਣਨ ਅਤੇ ਸਮੱਸਿਆ ਹੱਲ ਕਰਨ ਵਿੱਚ ਮਦਦ ਕਰਦਾ ਹੈ।



ਕਲਪਨਾਤਮਕ ਖੇਡ, ਜਿਵੇਂ ਕਿ ਦੁਕਾਨ ਚਲਾਉਣਾ, ਤੁਹਾਡੇ ਬੱਚੇ ਨੂੰ ਦੂਜਿਆਂ ਨਾਲ ਜੁੜਨਾ, ਸਾਂਝਾ ਕਰਨਾ ਅਤੇ ਵਾਰੋ-ਵਾਰੀ ਲੈਣਾ ਸਿੱਖਣ ਵਿੱਚ ਮਦਦ ਕਰਦਾ ਹੈ। ਉਹ ਬੋਲਣ ਅਤੇ ਸਧਾਰਨ ਗਣਿਤ ਦਾ ਅਭਿਆਸ ਵੀ ਕਰਦੇ ਹਨ ਜਿਵੇਂ ਕਿ ਗਿਣਤੀ ਅਤੇ ਛਾਂਟੀ।

# ਸਿਹਤਮੰਦ ਰਹਿਣਾ

**ਇੱਕ ਸਿਹਤਮੰਦ ਸਰੀਰ ਤੁਹਾਡੇ ਬੱਚੇ ਨੂੰ ਹਰ ਰੋਜ਼ ਆਪਣੇ ਆਪ ਨੂੰ ਸਭ ਤੋਂ ਵਧੀਆ ਬਣਾਉਣ ਵਿੱਚ ਮਦਦ ਕਰਦਾ ਹੈ।**

### ਨੀਂਦ

ਯਕੀਨੀ ਬਣਾਓ ਕਿ ਤੁਹਾਡਾ ਬੱਚਾ ਭਰਪੂਰ ਨੀਂਦ ਲੈ ਰਿਹਾ ਹੈ। ਸੌਣ ਲਈ ਨਿਯਮਤ ਨਿੱਤਨੇਮ ਅਤੇ ਸਮਾਂ ਰੱਖੋ।

### ਨਾਸ਼ਤਾ

ਪੌਸ਼ਟਿਕ ਨਾਸ਼ਤਾ ਕਰਨਾ ਤੁਹਾਡੇ ਬੱਚੇ ਨੂੰ ਦਿਨ ਲਈ ਤਿਆਰ ਕਰਦਾ ਹੈ - ਬੱਚਿਆਂ ਲਈ ਖਾਲੀ ਪੇਟ ਸਿੱਖਣਾ ਮੁਸ਼ਕਲ ਹੁੰਦਾ ਹੈ।

### ਖਾਣਾ ਖਾਣ ਦਾ ਡੱਬਾ

ਸਿਹਤਮੰਦ ਭੋਜਨ ਦਾ ਇੱਕ ਲੰਚਬਾਕਸ ਪੈਕ ਕਰੋ ਜੋ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਪਸੰਦ ਕਰੇਗਾ ਅਤੇ ਖਾਵੇਗਾ। ਆਪਣੇ ਬੱਚੇ ਨੂੰ ਇਹ ਸਿੱਖਣ ਵਿੱਚ ਮਦਦ ਕਰੋ ਕਿ ਆਪਣੇ ਭੋਜਨ ਨੂੰ ਕਿਵੇਂ ਖੋਲ੍ਹਣਾ ਹੈ ਅਤੇ ਇਸਨੂੰ ਇਸ ਨੂੰ ਆਪਣੇ ਆਪ ਕਿਵੇਂ ਖਾਣਾ ਹੈ।

### ਟੀਕਾਕਰਨ

ਕਿੰਡਰਗਾਰਟਨ ਜਾਣ ਲਈ ਤੁਹਾਡੇ ਬੱਚੇ ਦਾ ਟੀਕਾਕਰਨ ਸਮਾਂ-ਸਾਰਣੀ ਅੱਪ-ਟੂ-ਡੇਟ (ਉਨ੍ਹਾਂ ਦੀ ਉਮਰ ਅਤੇ ਕਿਸੇ ਵੀ ਸੀਮਤ ਡਾਕਟਰੀ ਸਥਿਤੀ ਦੇ ਅਨੁਸਾਰ) ਹੋਣੀ ਚਾਹੀਦੀ ਹੈ। ਜੇਕਰ ਤੁਹਾਡੇ ਕੋਲ ਇਹ ਰਿਕਾਰਡ ਨਹੀਂ ਹਨ ਤਾਂ ਸਕੂਲ ਜਾਂ ਕਮਿਊਨਿਟੀ ਕਿੰਡਰਗਾਰਟਨ ਅਧਿਆਪਕ ਨਾਲ ਗੱਲ ਕਰੋ ਅਤੇ ਉਹ ਤੁਹਾਡੀ ਮਦਦ ਕਰ ਸਕਦੇ ਹਨ।

### ਟਾੱਇਲਟ ਸਖਿਲਾਈ

ਆਪਣੇ ਬੱਚੇ ਨੂੰ ਆਪਣੇ ਆਪ ਟੌਇਲਟ ਜਾਣ ਦਾ ਬੰਦੋਬਸਤ ਕਰਨ ਵਿੱਚ ਮਦਦ ਕਰੋ ਅਤੇ ਉਹਨਾਂ ਨੂੰ ਕੱਪੜੇ ਉਤਾਰਨ, ਟੌਇਲਟ ਪੇਪਰ ਦੀ ਵਰਤੋਂ ਕਰਨ, ਟੌਇਲਟ ਨੂੰ ਫਲੱਸ਼ ਕਰਨ ਅਤੇ ਆਪਣੇ ਹੱਥਾਂ ਨੂੰ ਆਪਣੇ ਆਪ ਧੋਣ ਦਾ ਫੇਰ ਸਾਰਾ ਅਭਿਆਸ ਕਰਵਾ ਕੇ ਆਪਣੇ ਆਪ ਟੌਇਲਟ ਜਾਣ ਵਿੱਚ ਮਦਦ ਕਰੋ।

### ਮਡੈਕਿਲ

ਜੇ ਤੁਹਾਡੇ ਬੱਚੇ ਨੂੰ ਕੋਈ ਐਲਰਜੀਆਂ/ਡਾਕਟਰੀ ਲੋੜਾਂ ਹਨ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਅਧਿਆਪਕ ਨੂੰ ਦੱਸਣਾ ਚਾਹੀਦਾ ਹੈ ਤਾਂ ਜੋ ਇਹਨਾਂ ਦਾ ਪ੍ਰਬੰਧਨ ਕਰਨ ਲਈ ਇੱਕ ਯੋਜਨਾ ਸਥਾਪਤ ਕੀਤੀ ਜਾ ਸਕੇ।

**ਬੱਚੇ ਸਵੈ-ਦੇਖਭਾਲ ਦੇ ਹੁਨਰਾਂ ਦੇ ਵੱਖ-ਵੱਖ ਪੱਧਰਾਂ ਨਾਲ ਸਕੂਲ ਸ਼ੁਰੂ ਕਰਨਗੇ। ਸੁਤੰਤਰਤਾ ਅਤੇ ਜ਼ਿੰਮੇਦਾਰੀ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਬੱਚੇ ਦੇ ਮੌਜੂਦਾ ਹੁਨਰਾਂ ਤੇ ਨਿਰਮਾਣ ਕਰੋ।**

### ਜਦੋਂ ਤੁਹਾਡਾ ਬੱਚਾ ਬਿਮਾਰ ਹੋਵੇ ਤਾਂ ਕੀ ਕਰਨਾ ਹੈ

ਅਸੀਂ ਸਾਰੇ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਿਹਤਮੰਦ ਅਤੇ ਤੰਦਰੁਸਤ ਰਹਿਣ ਤਾਂ ਜੋ ਉਹ ਆਪਣੀ ਯੋਗਤਾ ਅਨੁਸਾਰ ਸਭ ਤੋਂ ਵਧੀਆ ਸਿੱਖ ਸਕਣ।
ਜੇਕਰ ਤੁਹਾਡਾ ਬੱਚਾ ਬਿਮਾਰ ਹੈ ਤਾਂ ਹਰ ਕਿਸੇ ਦੀ ਸੁਰੱਖਿਆ ਲਈ ਉਹਨਾਂ ਨੂੰ ਘਰ ਵਿੱਚ ਰੱਖਣਾ ਜਾਂ ਉਹਨਾਂ ਲਈ ਵਿਕਲਪਕ ਦੇਖਭਾਲ ਦਾ ਪ੍ਰਬੰਧ ਕਰਨਾ ਮਹੱਤਵਪੂਰਨ ਹੈ।

ਜੇਕਰ ਤੁਸੀਂ ਬਿਮਾਰੀ ਦੇ ਕਾਰਨ ਆਪਣੇ ਬੱਚੇ ਨੂੰ ਘਰ ਵਿੱਚ ਰੱਖਦੇ ਹੋ ਤਾਂ ਤੁਹਾਨੂੰ ਕਿੰਡਰਗਾਰਟਨ ਨੂੰ ਫ਼ੋਨ, ਟੈਕਸਟ ਸੁਨੇਹੇ ਜਾਂ ਈਮੇਲ ਦੁਆਰਾ ਦੱਸਣਾ ਪਵੇਗਾ।

ਜੇਕਰ ਤੁਹਾਡਾ ਬੱਚਾ ਦਿਨ ਵੇਲੇ ਬਿਮਾਰ ਹੋ ਜਾਂਦਾ ਹੈ, ਤਾਂ ਕਿੰਡਰਗਾਰਟਨ ਤੁਹਾਡੇ ਨਾਲ ਸੰਪਰਕ ਕਰੇਗਾ ਅਤੇ ਤੁਹਾਨੂੰ ਕਹੇਗਾ ਕਿ ਤੁਸੀਂ ਆਪਣੇ ਬੱਚੇ ਨੂੰ ਘਰ ਲੈ ਜਾਓ। ਇਸ ਕਾਰਨ ਕਰਕੇ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਬੱਚੇ ਦੇ ਐਮਰਜੈਂਸੀ ਸੰਪਰਕ ਵੇਰਵਿਆਂ ਨੂੰ ਉਹਨਾਂ ਦੇ ਕਿੰਡਰਗਾਰਟਨ ਨਾਲ ਪੂਰਾ (ਅਪ ਟੂ ਡੇਟ) ਰੱਖੋ।

ਆਪਣੇ ਬੱਚੇ ਦੀ ਸਿਹਤ ਬਾਰੇ ਹੋਰ ਜਾਣਕਾਰੀ ਲਈ WA ਹੈਲਥ 'ਤੇ ਜਾਓ ਜਾਂ ਆਪਣੇ ਬੱਚੇ ਦੇ ਡਾਕਟਰ ਨੂੰ ਮਿਲੋ।
HealthyWA.wa.gov.au


CC BY

# ਤੁਹਾਡੇ ਬੱਚੇ ਦਾ ਸਾਲ

## ਹਰ ਰੋਜ਼ ਜਾਣਾ ਮਹੱਤਵਪੂਰਨ ਹੈ

ਕਿੰਡਰਗਾਰਟਨ ਵਿੱਚ ਨਿਯਮਤ ਤੌਰ 'ਤੇ ਜਾਣਾ ਤੁਹਾਡੇ ਬੱਚੇ ਨੂੰ ਹਰ ਰੋਜ਼ ਜੋ ਕੁਝ ਸਿੱਖ ਰਿਹਾ ਹੈ ਉਸ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਦਾ ਹੈ। ਨਿਯਮਤ ਤੌਰ 'ਤੇ ਸਕੂਲ ਜਾਣ ਦੀ ਆਦਤ ਨੂੰ ਵਿਕਸਤ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਤੁਹਾਡਾ ਬੱਚਾ ਭਵਿੱਖ ਵਿੱਚ ਸਿੱਖਣ ਲਈ ਲੋੜੀਂਦੇ ਮਹੱਤਵਪੂਰਨ ਵਿਚਾਰਾਂ ਅਤੇ ਹੁਨਰਾਂ ਤੋਂ ਖੁੰਝ ਨਾ ਜਾਵੇ। ਕਿੰਡਰਗਾਰਟਨ ਦੇ ਦਿਨ ਗੁੰਮ ਹੋਣ ਦਾ ਮਤਲਬ ਹੈ ਕਿ ਤੁਹਾਡਾ ਬੱਚਾ ਆਪਣੇ ਦੋਸਤਾਂ ਨਾਲ ਸਿੱਖਣ ਅਤੇ ਗਤੀਵਿਧੀਆਂ ਤੋਂ ਖੁੰਝ ਜਾਂਦਾ ਹੈ।

**ਤੁਸੀਂ ਇਸ ਤਰ੍ਹਾਂ ਮਦਦ ਕਰ ਸਕਦੇ ਹੋ:**

- ਕਿੰਡਰਗਾਰਟਨ ਬਾਰੇ ਸਕਾਰਾਤਮਕ ਗੱਲ ਕਰਨਾ ਤਾਂ ਜੋ ਤੁਹਾਡਾ ਬੱਚਾ ਹਰ ਰੋਜ਼ ਜਾਣ ਲਈ ਖੁਸ਼ ਹੋਵੇ
- ਤੁਹਾਡੇ ਬੱਚੇ ਦੀ ਦੋਸਤੀ ਵਿਕਸਿਤ ਕਰਨ ਵਿੱਚ ਮਦਦ ਕਰਨ ਲਈ ਖੇਡਣ ਦੀਆਂ ਤਰੀਕਾਂ ਨਿਰਧਾਰਤ ਕਰਨਾ
- ਆਪਣੇ ਬੱਚੇ ਨੂੰ ਸਮੇਂ ਸਿਰ ਸਕੂਲ ਪਹੁੰਚਾਉਣਾ ਅਤੇ ਲੈਣਾ
- ਜਿੱਥੇ ਸੰਭਵ ਹੋਵੇ ਸਕੂਲ ਤੋਂ ਬਾਅਦ ਜਾਂ ਸਕੂਲ ਦੀਆਂ ਛੁੱਟੀਆਂ ਦੌਰਾਨ ਡਾਕਟਰ, ਦੰਦਾਂ ਦੇ ਡਾਕਟਰ ਅਤੇ ਮਾਹਿਰ ਨਾਲ ਮੁਲਾਕਾਤਾਂ ਕਰਨਾ
- ਸਕੂਲੀ ਛੁੱਟੀਆਂ ਦੌਰਾਨ ਪਰਿਵਾਰਕ ਛੁੱਟੀਆਂ ਲੈਣਾ ਨਾ ਕਿ ਸਕੂਲ ਦੀ ਮਿਆਦ ਦੌਰਾਨ।

ਜੇਕਰ ਤੁਹਾਡਾ ਬੱਚਾ ਕਿੰਡਰਗਾਰਟਨ ਜਾਣ ਤੋਂ ਝਿਜਕਦਾ ਹੈ ਤਾਂ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ।

## ਕਿੰਡਰਗਾਰਟਨ ਦੇ ਸਮੇਂ ਤੋਂ ਬਾਹਰ ਆਪਣੇ ਬੱਚੇ ਦੀ ਦੇਖਭਾਲ ਕਰੋ

ਬੱਚੇ ਆਮ ਤੌਰ 'ਤੇ ਦੁਪਹਿਰ 3 ਵਜੇ ਤੱਕ ਆਪਣਾ ਕਿੰਡਰਗਾਰਟਨ ਖਤਮ ਕਰਦੇ ਹਨ ਹਾਲਾਂਕਿ ਇਹ ਸਮਾਂ ਵੱਖ-ਵੱਖ ਹੋਵੇਗਾ।

ਜੇਕਰ ਤੁਹਾਨੂੰ ਕਿੰਡਰਗਾਰਟਨ ਤੋਂ ਪਹਿਲਾਂ ਜਾਂ ਬਾਅਦ ਵਿੱਚ ਆਪਣੇ ਬੱਚੇ ਦੀ ਦੇਖਭਾਲ ਦੀ ਲੋੜ ਹੁੰਦੀ ਹੈ ਤਾਂ ਤੁਸੀਂ ਸਕੂਲ ਤੋਂ ਬਾਹਰ ਦੇ ਘੰਟਿਆਂ ਦੀ ਦੇਖਭਾਲ (OSHC) ਤੱਕ ਪਹੁੰਚ ਕਰਨ ਦੇ ਯੋਗ ਹੋ ਸਕਦੇ ਹੋ। ਤੁਹਾਡੇ ਸਕੂਲ/ਕਮਿਊਨਿਟੀ ਕਿੰਡਰਗਾਰਟਨ ਕੋਲ ਖੇਤਰ ਵਿੱਚ OSHC ਬਾਰੇ ਵੇਰਵੇ ਹੋਣਗੇ।

## ਪਾਲਣ ਪੋਸ਼ਣ ਵਿੱਚ ਸਹਿਯੋਗ

ਬੱਚੇ ਉਦੋਂ ਪ੍ਰਫੁੱਲਤ ਹੁੰਦੇ ਹਨ ਜਦੋਂ ਉਨ੍ਹਾਂ ਦਾ ਪਾਲਣ ਪੋਸ਼ਣ ਪੋਸ਼ਿਕ ਵਾਤਾਵਰਨ ਵਿੱਚ ਹੁੰਦਾ ਹੈ। ਟ੍ਰਿਪਲ ਪੀ - ਸਕਾਰਾਤਮਕ ਪਾਲਣ-ਪੋਸ਼ਣ ਪ੍ਰੋਗਰਾਮ ਸਾਰੇ ਮਾਪਿਆਂ ਨੂੰ ਇੱਕ ਖੁਸ਼ ਅਤੇ ਆਤਮ-ਵਿਸ਼ਵਾਸ ਵਾਲੇ ਬੱਚੇ ਨੂੰ ਪਾਲਣ ਵਿੱਚ ਮਦਦ ਕਰਨ ਲਈ ਸਧਾਰਨ ਵਿਹਾਰਕ ਰਣਨੀਤੀਆਂ ਦਿੰਦਾ ਹੈ।

**ਸਕਾਰਾਤਮਕ ਪਾਲਣ-ਪੋਸ਼ਣ ਲਈ 5 ਕਦਮ**

1. ਸੁਰੱਖਿਅਤ ਦਿਲਚਸਪ ਮਾਹੌਲ ਬਣਾਓ
2. ਸਕਾਰਾਤਮਕ ਸਿੱਖਣ ਦਾ ਮਾਹੌਲ ਰੱਖੋ
3. ਜ਼ੋਰਦਾਰ ਅਨੁਸ਼ਾਸਨ ਦੀ ਵਰਤੋਂ ਕਰੋ
4. ਵਾਸਤਵਿਕ ਉਮੀਦਾਂ ਰੱਖੋ
5. ਮਾਂ-ਬਾਪ ਦੇ ਤੌਰ 'ਤੇ ਆਪਣਾ ਖਿਆਲ ਰੱਖੋ

ਆਪਣੇ ਸਕੂਲ ਨੂੰ ਮੁਫ਼ਤ ਵਿੱਚ ਟ੍ਰਿਪਲ ਪੀ ਸੈਮੀਨਾਰ ਰਜਿਸਟਰ ਕਰਨ ਬਾਰੇ ਪੁੱਛੋ ਜਾਂ ਇੱਥੇ ਹੋਰ ਜਾਣੋ:
triplep-parenting.net.au/wa



CC BY

## ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਸਹੀ ਵਿਅਕਤੀ ਨੂੰ ਲੱਭੋ

ਜੇਕਰ ਤੁਹਾਡੇ ਬੱਚੇ ਦੇ ਕਿੰਡਰਗਾਰਟਨ ਦੇ ਅਨੁਭਵ ਬਾਰੇ ਕੋਈ ਸਵਾਲ ਹੈ ਤਾਂ ਆਪਣੇ ਬੱਚੇ ਦੇ ਅਧਿਆਪਕ ਨੂੰ ਪੁੱਛ ਕੇ ਸ਼ੁਰੂਆਤ ਕਰੋ। ਸਕੂਲ ਦੇ ਪ੍ਰਿੰਸੀਪਲ ਤੁਹਾਡੇ ਬੱਚੇ ਦੇ ਕਿੰਡਰਗਾਰਟਨ ਪ੍ਰੋਗਰਾਮ ਜਾਂ ਸਟਾਫ ਬਾਰੇ ਤੁਹਾਡੇ ਸਵਾਲਾਂ ਜਾਂ ਚਿੰਤਾਵਾਂ ਨੂੰ ਵੀ ਹੱਲ ਕਰ ਸਕਦੇ ਹਨ।

ਸਾਰੇ ਬੱਚਿਆਂ ਵਿੱਚ ਉਹਨਾਂ ਦੀ ਯੋਗਤਾ ਜਾਂ ਵਿਕਾਸ ਦੇ ਪੜਾਅ ਦੀ ਪਰਵਾਹ ਕੀਤੇ ਬਿਨਾਂ ਵਿਲੱਖਣ ਸ਼ਕਤੀਆਂ, ਰੁਚੀਆਂ ਅਤੇ ਸਿੱਖਣ ਦੀ ਸਮਰੱਥਾ ਹੁੰਦੀ ਹੈ। ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ ਹੋਣ ਦੇ ਨਾਤੇ ਤੁਸੀਂ ਆਪਣੇ ਬੱਚੇ ਨੂੰ ਕਿਸੇ ਵੀ ਵਿਅਕਤੀ ਨਾਲੋਂ ਬਿਹਤਰ ਜਾਣਦੇ ਹੋ ਅਤੇ ਤੁਹਾਡੇ ਬੱਚੇ ਦੀਆਂ ਸ਼ਕਤੀਆਂ ਅਤੇ ਲੋੜਾਂ ਬਾਰੇ ਤੁਹਾਡੇ ਗਿਆਨ ਨੂੰ ਸਾਂਝਾ ਕਰਨਾ ਤੁਹਾਡੇ ਬੱਚੇ ਲਈ ਕਿੰਡਰਗਾਰਟਨ ਵਿੱਚ ਸਫਲਤਾਪੂਰਵਕ ਭਾਗ ਲੈਣ ਲਈ ਸ਼ਰਤਾਂ ਨਿਰਧਾਰਤ ਕਰਨ ਵਿੱਚ ਮਦਦ ਕਰੇਗਾ।

ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸੱਭਿਆਚਾਰਕ ਅਤੇ ਭਾਸ਼ਾਈ ਪਿਛੋਕੜ ਦੀ ਕਦਰ ਅਤੇ ਸਤਿਕਾਰ ਕੀਤਾ ਜਾਂਦਾ ਹੈ। ਪਹਿਲੀ ਭਾਸ਼ਾ ਵਿੱਚ ਮੁਹਾਰਤ ਆਮ ਸਿੱਖਣ ਅਤੇ ਕਿਸੇ ਹੋਰ ਭਾਸ਼ਾ ਜਾਂ ਉਪ-ਭਾਸ਼ਾ ਨੂੰ ਸਿੱਖਣ ਵਿੱਚ ਸਹਾਇਤਾ ਕਰਦੀ ਹੈ ਇਸ ਲਈ ਘਰੇਲੂ ਭਾਸ਼ਾ ਨੂੰ ਬਣਾਈ ਰੱਖਣਾ ਮਹੱਤਵਪੂਰਨ ਹੈ। ਜੇਕਰ ਤੁਹਾਡਾ ਬੱਚਾ ਘਰ ਵਿੱਚ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦਾ ਹੈ ਤਾਂ ਅਧਿਆਪਕ ਨੂੰ ਸੂਚਿਤ ਕਰਨਾ ਮਹੱਤਵਪੂਰਨ ਹੈ ਤਾਂ ਜੋ ਉਹਨਾਂ ਦੀਆਂ ਸਿੱਖਣ ਦੀਆਂ ਲੋੜਾਂ ਪੂਰੀਆਂ ਹੋ ਸਕਣ।

ਜੇਕਰ ਤੁਸੀਂ ਕੋਈ ਹੋਰ ਭਾਸ਼ਾ ਬੋਲਦੇ ਹੋ ਅਤੇ ਅੰਗਰੇਜ਼ੀ ਵਿੱਚ ਨਿਪੁੰਨ ਨਹੀਂ ਹੋ, ਤਾਂ ਆਪਣੇ ਬੱਚੇ ਦੀ ਤਰੱਕੀ ਬਾਰੇ ਚਰਚਾ ਕਰਨ, ਸਵਾਲ ਪੁੱਛਣ ਜਾਂ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਨ ਲਈ ਮਿਲਣ ਵੇਲੇ ਦੁਭਾਸ਼ੀਏ ਦੀ ਵਰਤੋਂ ਕਰਨ ਬਾਰੇ ਆਪਣੇ ਬੱਚੇ ਦੇ ਅਧਿਆਪਕ ਨੂੰ ਪੁੱਛੋ। ਜ਼ਿਆਦਾਤਰ ਸਕੂਲ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ ਦਸਤਾਵੇਜ਼ਾਂ ਦੀ ਇੱਕ ਸ਼੍ਰੇਣੀ ਪ੍ਰਦਾਨ ਕਰਦੇ ਹਨ - ਆਪਣੇ ਸਕੂਲ ਦੀ ਵੈੱਬਸਾਈਟ ਦੇਖੋ ਜਾਂ ਆਪਣੇ ਸਕੂਲ/ਕਮਿਊਨਿਟੀ ਕਿੰਡਰਗਾਰਟਨ ਤੋਂ ਪੁੱਛੋ।

## ਉਪਯੋਗੀ ਵਬੈਸਾਈਟਾਂ

**ਸਖਿੱਆ ਵਭਿਾਗ WA**
education.wa.edu.au

**AISWA-ਪੱਛਮੀ ਆਸਟ੍ਰੇਲੀਆ ਦੇ ਸੁਤੰਤਰ ਸਕੂਲਾਂ ਦੀ ਐਸੋਸੀਏਸ਼ਨ**
ais.wa.edu.au

**CEWA - ਕਥੈਲੋਕਿ ਸਖਿੱਆ WA**
cewa.edu.au

**ਕਮਊਿਨਟਿੀ ਕਡਿੰਰਗਾਰਟਨ**
communitykindys.org.au

**HealthyWA -**
**ਬਚਪਨ ਦੀ ਟੀਕਾਕਰਨ ਸਮਾਂ-ਸਾਰਣੀ**
healthywa.wa.gov.au/Articles/A_E/Childhood-immunisation-schedule

**Triple P –ਸਕਾਰਾਤਮਕ ਪਾਲਣ ਪਸ਼ੋਣ ਪ੍ਰਗੋਰਾਮ**
triplep-parenting.net.au/au-uken/find-help/triple-p-parenting-in-western-australia

**ਬਾਲ ਅਤੇ ਕਸਿ਼ੋਰ ਸਹਿਤ ਸੇਵਾ**
cahs.health.wa.gov.au

**ਬੱਚਆਿਂ ਦਾ ਪਾਲਣ-ਪਸ਼ੋਣ ਕਰਨ ਦਾ ਨਟੈਵਰਕ**
raisingchildren.net.au

**ਆਸਟ੍ਰੇਲੀਆ ਦੀ ਮੁੜ ਕਲਪਨਾ (ਵਕਿਾਸ ਸਬੰਧੀ ਦੇਰੀ ਜਾਂ ਅਪੰਗਤਾ ਵਾਲੇ ਬੱਚਆਿਂ ਲਈ ਸਹਾਇਤਾ )**
reimagine.org.au

**Early Years Learning Framework**
acecqa.gov.au/sites/default/files/2020-05/belonging_being_and_becoming_the_early_years_learning_framework_for_australia.pdf

**ਕਡਿੰਰਗਾਰਟਨ ਪਾਠਕ੍ਰਮ ਸਬੰਧੀ ਸੋਧਾਂ**
k10outline.scsa.wa.edu.au/media/documents/outline_downloads/Western-Australian-Kindergarten-Curriculum-Guidelines-pdf.pdf



CC BY